NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

15 April 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਨਿਊਜ਼ੀਲੈਂਡ ਤੋਂ ਗੁੜਗਾਓਂ, ਵਾਇਆ ਤ੍ਰਿਲੋਕਪੁਰੀ

ਉਨ੍ਹਾਂ ਔਰਤਾਂ ਦੀ ਬਹੁਤੀ ਵੱਡੀ ਗਿਣਤੀ ਨਹੀਂ ਹੈ ਜਿਹੜੀਆਂ ਆਪਣੇ ਦੇਸ਼ ਦੀਆਂ ਚੁਣੀਆਂ ਹੋਈਆਂ ਲੀਡਰ ਬਣੀਆਂ, ਇਸ ਲਈ ਇਹ ਮੌਕਾ ਵੀ ਵਿਰਲਾ ਹੀ ਆਉਣਾ ਸੀ। ਜਦੋਂ ਪਿਛਲੇ ਸਾਲ ਜੂਨ 'ਚ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨੇ ਬੱਚੀ ਨੂੰ ਜਨਮ ਦਿੱਤਾ ਤਾਂ ਉਸ ਖ਼ਬਰਾਂ ਅਤੇ ਚਰਚਾਵਾਂ ਦੀ ਸੁਰਖੀ ਬਣਨਾ ਹੀ ਸੀ। ਦੁਨੀਆਂ ਵਿੱਚ ਕਿਸੇ ਦੇਸ਼ ਦੀ ਸਰਕਾਰ ਦੀ ਮੁਖੀ ਹੁੰਦਿਆਂ ਬੱਚੇ ਨੂੰ ਜਨਮ ਦੇਣ ਵਾਲੀ ਉਹ ਦੂਜੀ ਰਾਜਨੇਤਾ ਸੀ। ਪਹਿਲੀ ਬੇਨਜ਼ੀਰ ਭੁੱਟੋ ਸੀ। ਪ੍ਰਧਾਨ ਮੰਤਰੀ ਨੇ ਛੇ ਹਫ਼ਤੇ ਦੀ ਪ੍ਰਸੂਤਾ ਛੁੱਟੀ ਲਈ ਤਾਂ ਵਿਰੋਧੀਆਂ ਸਵਾਲ ਚੁੱਕੇ। ਅਖੇ ਜਦੋਂ ਅਹੁਦੇ ਲਈ ਵੋਟਾਂ ਮੰਗੀਆਂ ਸਨ ਤਾਂ ਲੋਕਾਂ ਨੂੰ ਪਹਿਲਾਂ ਕਿਉਂ ਨਹੀਂ ਦੱਸਿਆ ਕਿ ਮੈਂ ਲੰਬੀ ਛੁੱਟੀ ਵੀ ਲਵਾਂਗੀ ? ਚਰਚਾ ਛਿੜ ਪਈ। ਸਾਫ਼ ਸੀ ਕਿ ਸਿਆਸਤ ਨੇ ਹਾਲੇ ਔਰਤ ਨੇਤਾਵਾਂ ਨਾਲ ਸਿੱਝਦਿਆਂ ਬਹੁਤ ਕੁਝ ਸਿੱਖਣਾ ਹੈ। ਮਾਂ ਬਣ ਕੇ ਜੈਸਿੰਡਾ ਆਰਡਨ ਨੇ ਵਾਪਸ ਆ ਕੰਮ ਸੰਭਾਲਿਆ ਤਾਂ ਦੁਨੀਆਂ ਨੇ ਪਹਿਲੀ ਵਾਰੀ ਸੰਯੁਕਤ ਰਾਸ਼ਟਰ ਦੇ ਆਮ ਇਜਲਾਸ ਵਿੱਚ ਕਿਸੇ ਮੁਲਕ ਦੀ ਮੁਖੀ ਨੂੰ ਗੋਦ ਵਿੱਚ ਬੱਚਾ ਲਈ ਬੈਠਿਆਂ ਵੇਖਿਆ। ਫਿਰ ਖ਼ਬਰਾਂ, ਚਰਚਾ, ਸੁਰਖੀਆਂ। ਜੈਸਿੰਡਾ ਆਰਡਨ ਸਾਨੂੰ 'ਆਮ' ਜ਼ਿੰਦਗੀ ਵਿੱਚ ਸਹਿਜ ਦਾ ਵਰਤਾਰਾ ਸਿਖਾ ਰਹੀ ਸੀ ਜਿਸ ਵਿੱਚ ਔਰਤਾਂ ਕੰਮ ਵੀ ਕਰਦੀਆਂ ਹਨ, ਮਾਂ ਵਾਲੀ ਫਰਜ਼-ਅਦਾਇਗੀ ਵੀ ਨਿਭਾਉਂਦੀਆਂ ਹਨ। ਮਲਟੀ-ਟਾਸਕਿੰਗ ਕਰਦੀਆਂ ਹਨ। ਮਜ਼ਦੂਰ ਔਰਤਾਂ ਤਾਂ ਤਾ-ਉਮਰ ਮਲਟੀ-ਟਾਸਕਿੰਗ ਕਰਦੀਆਂ ਆਈਆਂ ਹਨ, ਪਰ ਉਨ੍ਹਾਂ ਦੀ ਚਰਚਾ ਨਹੀਂ ਹੁੰਦੀ। ਪ੍ਰਧਾਨ ਮੰਤਰੀ ਆਰਡਨ ਨੇ ਜਦੋਂ ਪਾਰਲੀਮੈਂਟ ਵਿਚਲੇ ਆਪਣੇ ਦਫ਼ਤਰ ਨਾਲ ਲੱਗਦੀ ਛੋਟੀ ਜਿਹੀ ਰਸੋਈ ਵਿੱਚ ਬੱਚੀ ਦੇ ਖੇਡਣ-ਸੌਣ ਵਾਲੀ ਨੁੱਕਰ ਸਜਾਈ ਤਾਂ ਫਿਰ ਚਰਚਾ ਛਿੜੀ। ਜੈਸਿੰਡਾ ਮੁਲਕ ਚਲਾ ਰਹੀ ਸੀ, ਜੀਵਨ ਸਾਥੀ ਕਲਾਰਕ ਗੇਅਫੋਰਡ ਬੱਚੀ ਪਾਲ ਰਿਹਾ ਸੀ। ਇਹ ਇੰਜ ਹੀ ਸਹਿਜ ਵਰਤਾਰਾ ਸੀ ਜਿਵੇਂ ਬਹੁਤ ਘਰਾਂ ਵਿੱਚ ਬੰਦਾ ਕੰਮ 'ਤੇ ਜਾਂਦਾ ਹੈ ਅਤੇ ਬੀਵੀ ਬੱਚੇ ਪਾਲਦੀ ਹੈ। ਅਨੂਠਾ ਕੀ ਸੀ ਇਸ ਵਿੱਚ ?ਸੁਰਖੀਆਂ ਵਾਲਿਆਂ ਅਜੇ ਸਿੱਖਣਾ ਸੀ। ਰਾਸ਼ਟਰੀ ਟੀਵੀ ਚੈਨਲ ਨੂੰ ਜਾਪਿਆ ਕਿ ਜੇ ਕੋਈ ਪ੍ਰਧਾਨ ਮੰਤਰੀ ਮਾਂ ਆਪਣੇ ਬੱਚੇ ਨੂੰ ਦੁੱਧ ਚੁੰਘਾ ਰਹੀ ਹੋਵੇ ਤਾਂ ਫਟਾਫਟ ਇਹਦੀ ਫੋਟੋ ਖਿੱਚ ਪੂਰੇ ਦੇਸ਼ ਨੂੰ ਵਿਖਾਉਣੀ ਚਾਹੀਦੀ ਹੈ। ਫਿਰ ਜਦੋਂ ਲੋਕਾਂ ਫਿਟਕਾਰ ਪਾਈ ਤਾਂ ਚੈਨਲ ਨੇ ਮੁਆਫ਼ੀ ਮੰਗੀ। ਔਰਤ, ਜੀਵਨ ਸਾਥਣ, ਪ੍ਰਧਾਨ ਮੰਤਰੀ, ਮਾਂ-ਜੈਸਿੰਡਾ ਆਰਡਨ। ਸਹਿਜੇ ਸਹਿਜੇ ਰਾਜਨੀਤੀ, ਮੀਡੀਆ, ਮਰਦਾਨਗੀ ਦਾ ਬਿਆਨੀਆ ਜੈਸਿੰਡਾ ਆਰਡਨ ਨਾਲ ਸਿੱਝ ਰਿਹਾ ਸੀ, ਬਹੁਤ ਕੁਝ ਨਵਾਂ ਸਿੱਖ ਰਿਹਾ ਸੀ। 15 ਮਾਰਚ ਦੇ ਸ਼ੁੱਕਰਵਾਰ ਦੀ ਉਸ ਚੰਦਰੀ ਘੜੀ ਮੁਸਲਮਾਨਾਂ ਅਤੇ ਪਰਵਾਸੀਆਂ ਪ੍ਰਤੀ ਨਫ਼ਰਤ ਨਾਲ ਭਰੇ, ਬੰਦੂਕਾਂ ਨਾਲ ਲੈਸ, 28 ਸਾਲਾ ਵਿਅਕਤੀ ਨੇ ਮਿੱਥ ਕੇ ਲਾਸ਼ਾਂ ਵਿਛਾਈਆਂ, ਆਪਣੇ ਮਨਸ਼ੇ ਬਾਰੇ 74 ਸਫ਼ਿਆਂ ਦਾ ਮੈਨੀਫੈਸਟੋ ਸ਼ਾਇਆ ਕੀਤਾ, ਆਪਣੇ ਕਾਰੇ ਨੂੰ ਫੇਸਬੁੱਕ ਰਾਹੀਂ ਨਸ਼ਰ ਕੀਤਾ ਤਾਂ ਮੁਲਕ ਹਿੱਲ ਗਿਆ। ਅਮਨ-ਪਸੰਦਾਂ ਦਾ ਤ੍ਰਾਹ ਨਿਕਲ ਗਿਆ। ਦਿੱਲੀ ਦੀ ਜਨਸੰਖਿਆ ਤੋਂ ਅੱਧੇ ਤੋਂ ਵੀ ਘੱਟ ਬਸ਼ਿੰਦਿਆਂ ਵਾਲੇ ਇਸ ਮੁਲਕ ਨੇ ਅਜਿਹੀ ਦਹਿਸ਼ਤਗਰਦੀ ਪਹਿਲਾਂ ਨਹੀਂ ਵੇਖੀ ਸੀ। ਹੁਣ ਰਿਆਸਤ ਦੀ ਵਾਰੀ ਸੀ। ਠਠੰਬਰਿਆ ਮੁਲਕ ਆਪਣੀ ਨੇਤਾ ਵੱਲ ਵੇਖ ਰਿਹਾ ਸੀ। ਦੁਨੀਆਂ ਦੇ ਹੋਰਨਾਂ ਮੁਲਕਾਂ, ਖ਼ਾਸਕਰ ਅਮਰੀਕਾ ਵਿੱਚ, ਲੋਕਾਂ ਵਾਰ-ਵਾਰ ਅਜਿਹੇ ਅੰਨ੍ਹੇਵਾਹ ਕੀਤੇ ਸਮੂਹਿਕ ਕਤਲ ਵੇਖੇ ਸਨ ਅਤੇ ਇਹ ਵੀ ਵੇਖਿਆ ਸੀ ਕਿ ਉੱਥੇ ਨੇਤਾ ਦਾ ਵਰਤਾਰਾ ਕਿੰਨਾ ਰਸਮੀ ਹੋ ਚੁੱਕਾ ਸੀ। ਰਿਆਸਤ ਮਾਈ-ਬਾਪ ਹੁੰਦੀ ਹੈ ਨਾਗਰਿਕ ਦਾ, ਇਹ ਨਾਗਰਿਕ ਸ਼ਾਸਤਰ ਦੀ ਕਿਤਾਬ ਵਿੱਚ ਪੜ੍ਹਿਆ ਤਾਂ ਸਭਨਾਂ ਹੈ, ਪਰ ਮਾਂ-ਸਰਕਾਰ ਵੇਖੀ ਕਿਸੇ ਨਾ ਸੀ। ਕਤਲੇਆਮ ਤੋਂ ਬਾਅਦ ਜਿਵੇਂ ਜੈਸਿੰਡਾ ਆਰਡਨ ਨੇ ਪੀੜਤਾਂ ਨੂੰ ਘੁੱਟ ਗਲਵੱਕੜੀ ਪਾਈ, ਹੰਝੂਆਂ ਦੀ ਸਾਂਝ ਬਣਾਈ, ਮੁਸਲਮਾਨ ਭਾਈਚਾਰੇ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਇਆ, ਦੁਆ ਵਿੱਚ ਉਨ੍ਹਾਂ ਨਾਲ ਸ਼ਾਮਲ ਹੋਈ ਤਾਂ ਜਾਪਿਆ ਜੇ ਕੋਈ ਮਾਂ-ਸਰਕਾਰ ਕਦੀ ਹੋਵੇਗੀ ਤਾਂ ਕੁਝ ਐਸੀ ਹੀ ਹੋਵੇਗੀ। ਮੁਲਕ ਵੀ ਉਮੜ ਪਿਆ। ਮਸਜਿਦਾਂ ਦੇ ਦਰਵਾਜ਼ਿਆਂ ਅੱਗੇ ਫੁੱਲਾਂ ਦੇ ਪਹਾੜ ਬਣ ਗਏ। ਲੋਕਾਂ ਦਿਲਾਂ, ਘਰਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ। ਜਿਹੜੇ ਪੰਜਾਬੀ ਪਰਿਵਾਰਾਂ ਦੇ ਬੱਚੇ ਨਿਊਜ਼ੀਲੈਂਡ ਪਰਵਾਸ ਕਰ ਗਏ ਹਨ, ਉਨ੍ਹਾਂ ਨੂੰ ਇਹ ਜਾਣ ਕੇ ਕਿੰਨਾ ਧਰਵਾਸ ਮਿਲਿਆ ਹੋਵੇਗਾ ਕਿ ਉਸ ਮੁਲਕ ਵਿੱਚ ਪਰਵਾਸੀ ਨੂੰ ਗਲੇ ਲਾਇਆ ਜਾਂਦਾ ਹੈ। ਪਰ ਅਸੀਂ ਨਿਊਜ਼ੀਲੈਂਡ ਵੱਲ ਵੇਖ ਆਪਣੇ ਅੰਦਰ ਝਾਤ ਮਾਰਨ ਦਾ ਮੌਕਾ ਕਿਉਂ ਖੁੰਝਾ ਰਹੇ ਹਾਂ ? ਅਸੀਂ, ਜਿਹੜੇ ਆਪਣੇ ਹੀ ਮੁਲਕ ਦੇ ਮੁਸਲਮਾਨ ਬਾਸ਼ਿੰਦਿਆਂ ਨੂੰ ਪਰਵਾਸੀ ਦੱਸ ਉਨ੍ਹਾਂ ਨੂੰ ਮੁਲਕੋਂ ਦਰਬਦਰ ਕਰਨ ਵਾਲੇ ਸਿਆਸੀ ਬਿਆਨੀਏ ਨੂੰ ਪ੍ਰਵਾਨ ਹੁੰਦਿਆਂ ਦੇਖ ਰਹੇ ਹਾਂ ? ਸਾਡੇ ਇੱਥੇ ਸਮੂਹਿਕ ਨਰਸੰਹਾਰ ਮਗਰੋਂ ਕਿਹੜੇ ਨੇਤਾ ਧਾਅ ਕੇ ਦਿੱਲੀ ਦੀਆਂ ਗਲੀਆਂ ਵਿੱਚ ਪਹੁੰਚੇ ਸੀ ਜਿੱਥੇ ਗਲੇ ਵਿੱਚ ਬਲਦੇ ਟਾਇਰ ਪਾ ਜਿਉਂਦਿਆਂ ਦੇ ਸਸਕਾਰ ਕੀਤੇ ਜਾ ਰਹੇ ਸਨ ? ਗੁਜਰਾਤ ਦੀਆਂ ਗਲੀਆਂ ਵਿੱਚ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਦੇ ਕੰਮ ਤੋਂ ਤਾਂ ਚੁਣਾਵੀ ਪ੍ਰਚਾਰ ਦੇ ਦਿਨਾਂ ਵਿੱਚ ਵੀ ਜੱਫੀਆਂ ਪਾਉਣ ਲਈ ਜਾਣਿਆ ਜਾਂਦਾ ਨੇਤਾ ਪਰਹੇਜ਼ ਹੀ ਕਰਦਾ ਹੈ। ਮੁਜ਼ੱਫਰਨਗਰ ਦੀਆਂ ਤੰਗ ਗਲੀਆਂ ਵਿੱਚ ਝੰਡੀ ਵਾਲੀਆਂ ਗੱਡੀਆਂ ਨੂੰ ਪੀੜਤਾਂ ਦੇ ਵਿਹੜਿਆਂ ਦਾ ਰਾਹ ਹੀ ਨਹੀਂ ਲੱਭਦਾ। ਤੇ ਪਰਵਾਸੀ ਨਾਲ ਸਾਡਾ ਸਲੂਕ ਕੀ ਹੈ ? ਬਿਹਾਰ, ਯੂਪੀ ਦੇ ਗਰੀਬੜੇ ਘਰਾਂ ਤੋਂ ਆਇਆਂ ਨੂੰ ਰੁਜ਼ਗਾਰ ਦੇਣਾ, ਉਨ੍ਹਾਂ ਨੂੰ ਠੀਕ ਉਜਰਤ ਦੇਣੀ, ਉਨ੍ਹਾਂ ਖ਼ਿਲਾਫ਼ ਹਿੰਸਾ ਨਾ ਕਰਨੀ - ਇਹ ਕੋਈ ਅਹਿਸਾਨ ਨਹੀਂ। ਗੱਲ ਤਾਂ ਇਹ ਹੈ ਕਿ ਕੀ ਯੂਪੀ, ਬਿਹਾਰ ਬੈਠੀ ਮਾਂ ਨੂੰ ਜਾਪਦਾ ਹੈ ਕਿ ਕਦੀ ਉਹਦੇ ਬੱਚੇ 'ਤੇ ਭੀੜ ਬਣੀ ਤਾਂ ਸਭੇ ਸਾਂਝੀਵਾਲ ਸਦਾਇਨਿ ਵਾਲਿਆਂ ਉਹਨੂੰ ਗਲ ਨਾਲ ਲਾ ਲੈਣਾ ਹੈ ? ਜੈਸਿੰਡਾ ਆਰਡਨ ਨੇ ਕਾਲੇ ਸਕਾਰਫ ਨਾਲ ਸਿਰ ਢੱਕਿਆ, ਘਰ ਦਾ ਜੀਅ ਗਵਾ ਚੁੱਕੀ ਮਹਿਲਾ ਨੂੰ ਗਲੇ ਮਿਲੀ, ਪਾਰਲੀਮੈਂਟ ਵਿੱਚ ਆ-ਸਲਾਮਾ-ਲੇਕੁਮ ਨਾਲ ਆਪਣੇ ਭਾਸ਼ਣ ਦੀ ਸ਼ੁਰੂਆਤ ਕੀਤੀ। ਮੁਸਲਮਾਨਾਂ ਨੂੰ ਕਿਹਾ: ਤੁਸੀਂ ਅਸੀਂ ਹੋ, ਅਸੀਂ ਤੁਸੀਂ ਹੀ ਹਾਂ। ਭਾਰਤ ਵਿੱਚ ਉਹਦੀ ਸ਼ਲਾਘਾ ਕਰਦੇ ਅਸੀਂ ਭਖਵੀਆਂ ਟੈਲੀਵਿਜ਼ਨ ਬਹਿਸਾਂ ਦੇ ਮੌਸਮ ਵਿੱਚ ਏਨਾ ਪੁੱਛਣ ਦੀ ਜਗ੍ਹਾ ਨਹੀਂ ਰੱਖੀ ਕਿ ਸਾਡੇ ਨੇਤਾਵਾਂ ਨੇ ਈਦ ਦੀ ਮੁਬਾਰਕਬਾਦ ਦੇਣੀ ਕਿਉਂ ਬੰਦ ਕਰ ਦਿੱਤੀ ਹੈ ? ਨਿਊਜ਼ੀਲੈਂਡ ਦੇ ਟੀਵੀ ਚੈਨਲਾਂ 'ਤੇ ਕੁਝ ਮਹਿਲਾ ਐਂਕਰ ਪੀੜਤ ਮੁਸਲਮਾਨ ਭਾਈਚਾਰੇ ਨਾਲ ਏਕੇ ਦਾ ਸੁਨੇਹਾ ਦੇਣ ਲਈ ਹਿਜਾਬ ਪਾ ਕੇ ਆਈਆਂ। ਸਾਰੀਆਂ ਬਹਿਸਾਂ ਦਾ ਸਵਾਗਤ ਹੋਣਾ ਚਾਹੀਦਾ ਹੈ। ਇਸ ਦਾ ਵੀ ਕਿ ਕੀ ਉਸ ਦੇਸ਼ ਵਿੱਚ ਦਿਸੀ ਮੁਹੱਬਤ ਦੀ ਸਿਆਸਤ ਦਾ ਇੱਕ ਔਰਤ, ਇੱਕ ਮਾਂ ਦੇ ਸਰਕਾਰ ਦੀ ਮੁਖੀ ਹੋਣ ਨਾਲ ਕੋਈ ਵੱਡਾ ਸਬੰਧ ਹੈ ? ਕੀ ਪਿੱਤਰੀਸੱਤਾ ਦਾ ਔਰਤ 'ਤੇ ਥੋਪਿਆ ਹਿਜਾਬ ਮੁਸਲਮਾਨਾਂ ਨਾਲ ਇਕਜੁੱਟਤਾ ਦਾ ਚਿੰਨ੍ਹ ਹੋ ਸਕਦਾ ਹੈ ? ਕੀ 'ਤੁਸੀਂ-ਅਸੀਂ-ਹੋ' (#YouAre"s) ਅਸਲ ਵਿੱਚ ਮੁਸਲਮਾਨ ਨੂੰ ਸਦੀਵੀ ਤੌਰ ਉੱਤੇ ਬਾਹਰਲਾ ਦਰਸਾਉਣ ਨੂੰ ਹੀ ਰੇਖਾਂਕਿਤ ਨਹੀਂ ਕਰਦਾ ? ਪਰ ਇਹ ਬਹਿਸ ਵੀ ਤਾਂ ਛਿੜੇ ਕਿ ਕਾਂਗਰਸ ਦੇ ਨੇਤਾ ਕਦੋਂ ਤਿਰਲੋਕਪੁਰੀ ਦੀਆਂ ਤੰਗ ਗਲੀਆਂ ਵਿੱਚ ਕਿਸੇ ਦੇ ਮੋਢੇ ਸਿਰ ਰੱਖ ਭੁੱਬੀਂ ਰੋਣਗੇ ਕਿ ਸਾਢੇ-ਤਿੰਨ ਦਹਾਕੇ ਅਫ਼ਸੋਸ ਕਰਨੋਂ ਰੋਕਣ ਵਾਲੀ ਸਿਆਸਤ ਦੇ ਬੱਧੇ ਸਨ ? ਪੰਜ ਹਜ਼ਾਰ ਸਾਲ ਦੀ ਸੰਸਕ੍ਰਿਤੀ ਦੀ ਦੁਹਾਈ ਦੇਣ ਵਾਲਿਆਂ ਨੂੰ ਗੁਜਰਾਤ ਵਿੱਚ ਕਿੰਨੀਆਂ ਫੂਹੜੀਆਂ ਪਈਆਂ ਉਡੀਕਦੀਆਂ ਨੇ ?

ਜਦੋਂ ਤੁਸੀਂ ਇਹ ਪੜ੍ਹ ਰਹੇ ਹੋ ਤਾਂ ਗੁੜਗਾਓਂ ਵਿੱਚ ਯੂਪੀ ਦੇ ਬਾਗਪਤ ਤੋਂ ਆਇਆ ਮੁਹੰਮਦ ਸਾਜਿਦ ਦਾ ਪਰਿਵਾਰ ਬਿਸਤਰੇ ਬੰਨ੍ਹ ਰਿਹਾ ਹੈ ਕਿਉਂਜੋ ਅਜੀਬ 'ਧਾਰਮਿਕ ਦੇਸ਼ਭਗਤੀ' ਵਿੱਚ ਗੜੁੱਚ ਲੱਠਮਾਰਾਂ ਉਹਨੂੰ ਪਾਕਿਸਤਾਨ ਜਾਣ ਲਈ ਕਹਿ ਦਿੱਤਾ ਹੈ। ਜੈਸਿੰਡਾ ਆਰਡਨ ਰਤਾ ਮਸਰੂਫ਼ ਹੈ। ਤੁਸੀਂ ਹੀ ਸਮਾਂ ਕੱਢਣਾ, ਕਾਲਾ ਸਕਾਰਫ਼ ਭਾਵੇਂ ਨਾ ਵੀ ਪਾਉਣਾ, ਪਰ ਇੱਕ ਚੱਕਰ ਤਾਂ ਉਸ ਗਲੀ ਦਾ ਜ਼ਰੂਰ ਲਾ ਆਉਣਾ। ਰਿਆਸਤ ਅਜੇ ਮਾਈ-ਬਾਪ ਨਹੀਂ ਹੈ।

## ਕ੍ਰਾਈਸਟਚਰਚ ਦੇ ਮ੍ਰਿਤਕਾਂ ਨੂੰ ਦਿਤੀ ਸ਼ਰਧਾਂਜਲੀ




ਕ੍ਰਾਈਸਚਰਚ (ਐਨ. ਜ਼ੈਡ. ਤਸਵੀਰ ਬਿਓਰੋ) : ਨਿਊਜ਼ੀਲੈਂਡ ਦੇ ਕ੍ਰਾਈਸਟਚਰਚ ਦੀ ਅਲ ਨੂਰ ਮਸਜਿਦ ਵਿਚ ਹੋਏ ਹਮਲੇ ਦੇ ਪੀੜਤਾਂ ਨੂੰ ਨਿਵੇਕਲੇ ਤਰੀਕੇ ਨਾਲ ਸ਼ਰਧਾਂਜਲੀ ਦਿਤੀ ਗਈ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਚਿੱਟੇ ਕੱਪੜੇ ਪਹਿਨ ਕੇ ਆਏ ਲੋਕਾਂ ਨੇ ਅਲ ਨੂਰ ਮਸਜਿਦ ਦੀ ਮਨੁੱਖੀ ਲੜੀ ਨਾਲ ਛਵ੍ਹੀ ਬਣਾਈ ਅਤੇ ਨਾਲ ਹੀ "ਇਸਲਾਮ ਇਜ਼ ਪੀਸ" ਲਿਖ ਕੇ ਇਹ ਸੰਦੇਸ਼ ਦਿਤਾ ਕਿ ਇਸਲਾਮ ਸ਼ਾਂਤੀ ਦਾ ਪ੍ਰਤੀਕ ਹੈ।ਇਸ ਮੌਕੇ ਨਿਊਜ਼ੀਲੈਂਡ ਅਤੇ ਪਾਕਿਸਤਾਨ ਦੇ ਵਿਸ਼ਾਲ ਝੰਡੇ ਵੀ ਵਿਸ਼ਾਲ ਬੈਨਰ ਦੇ ਨਾਲ ਪ੍ਰਦਰਸ਼ਿਤ ਕੀਤੇ ਗਏ, ਜਿਸ ਵਿਚ ਲਿਖਿਆ ਸੀ "ਪਾਕਿਸਤਾਨ ਵਲੋਂ ਕ੍ਰਾਈਸਟਚਰਚ ਦੇ ਸ਼ਹੀਦਾਂ ਦੇ ਨਾਲ ਇਕਜੁੱਟਤਾ।" ਇਸ ਸ਼ਰਧਾਂਜਲੀ ਸਮਾਰੋਹ ਦਾ ਪ੍ਰਬੰਧ ਇਕ ਇਕ ਗ਼ੈਰ ਸਰਕਾਰੀ ਸੰਗਠਨ ਮੁਸਲਿਮ ਸੰਸਥਾ ਵਲੋਂ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਸ਼ਾਂਤੀ ਅਤੇ ਸਥਿਰਤਾ ਨੂੰ ਬੜ੍ਹਾਵਾ ਦੇਣਾ ਹੈ। ਦਸ ਦਈਏ ਕਿ ਕਰੀਬ ਚਾਰ ਹਫ਼ਤੇ ਪਹਿਲਾਂ 15 ਮਾਰਚ ਨੂੰ ਨਿਊਜ਼ੀਲੈਂਡ ਦੇ ਕ੍ਰਾਈਸਟਚਰਚ ਦੀ ਇਕ ਮਸਜਿਦ ਵਿਚ ਇਕ ਆਸਟ੍ਰੇਲੀਅਨ ਹਮਲਾਵਰ ਨੇ ਗੋਲੀਆਂ ਮਾਰ ਕੇ 50 ਲੋਕਾਂ ਦੀ ਹੱਤਿਆ ਕਰ ਦਿਤੀ ਸੀ, ਜਿਨ੍ਹਾਂ ਵਿਚੋਂ 9 ਪਾਕਿਸਤਾਨੀ ਮੂਲ ਦੇ ਲੋਕ ਸਨ।

## Queensland ਪੁਲਿਸ ਨੇ 40 ਸਾਲ ਪਹਿਲਾਂ ਮਾਰੇ ਗਏ ਦੋ ਨਿਊਜ਼ੀਲੈਂਡ ਵਾਸੀਆਂ ਦੇ ਕਾਤਲ ਨੂੰ ਲੱਭਿਆ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) Queensland ਪੁਲਿਸ ਨੇ ਦੱਸਿਆ ਹੈ ਕਿ ਉਨ੍ਹਾਂ ਨੇ 1978 ਤੋਂ ਇੱਕ ਠੰਡੇ ਬਸਤੇ ਵਿੱਚ ਪਏ ਕੇਸ 'ਚ ਦੋ ਨਿਊਜੀਲੈਂਡਰਜ਼ ਅਤੇ ਇੱਕ ਆਸਟ੍ਰੇਲੀਆਈ ਵਿਅਕਤੀ ਦੀ ਗੋਲੀ ਮਾਰ ਕੇ ਕੀਤੀ ਹੱਤਿਆ ਦੇ ਜ਼ਿੰਮੇਵਾਰ ਵਿਅਕਤੀ ਨੂੰ ਲੱਭ ਲਿਆ ਹੈ। ਟਿਮ ਥਾਮਸਨ, ਗੋਰਡਨ ਟਵਿਡਲ ਅਤੇ ਕੈਰਨ ਐਡਵਰਡਜ਼ ਚਾਰ ਦਹਾਕੇ ਪਹਿਲਾਂ ਮੰਗੋਈ ਈਸਟ ਤੋਂ 10 ਕਿ.ਮੀ. ਉੱਤਰ ਵਿਚ ਝਾੜੀਆਂ ਵਿਚ ਮਿਲੇ ਸਨ, ਜਿਨ੍ਹਾਂ ਨੂੰ ਸਿਰ ਵਿਚ ਗੋਲੀ ਮਾਰ ਕੇ ਮਾਰਿਆ ਗਿਆ ਸੀ। 63 ਸਾਲਾ ਬਰੂਸ ਪ੍ਰੈਸਟਨ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਉਸ ਉੱਤੇ ਤਿੰਨਾਂ ਦੇ ਕਤਲ ਦਾ ਦੋਸ਼ ਲਗਾਇਆ ਹੈ। ਮਰਨ ਵਾਲਿਆਂ ਦੀਆਂ ਦੀਆਂ ਲਾਸ਼ਾਂ ਹਫਤੇ ਬਾਅਦ ਦੋ ਵਾਕਰਾ ਦੁਆਰਾ ਲੱਭੀਆਂ ਗਈਆਂ ਸਨ।

## ਨਿਊਜੀਲੈਂਡ 'ਚ ਘੱਟ ਉਮਰ 'ਚ ਮਾਂ ਬਣਨ ਵਾਲੀਆਂ ਔਰਤਾਂ ਦੀ ਗਿਣਤੀ ਘਟੀ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਵਿੱਚ ਕਿਸ਼ੋਰ ਉਮਰ 'ਚ ਗਰਭ ਧਾਰਨ ਕਰਨ ਦੀ ਦਰ ਪਿਛਲੇ ਦਹਾਕੇ ਵਿੱਚ ਅੱਧੀ ਰਹਿ ਗਈ ਹੈ। ਇਸ ਗੱਲ ਦਾ ਖੁਲਾਸਾ ਸਿਹਤ ਮੰਤਰਾਲੇ ਦੀ ਇੱਕ ਰਿਪੋਰਟ ਵਿੱਚ ਹੋਇਆ ਹੈ। ਮੈਟਰਨਟੀ 'ਤੇ ਮਿਲੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਸਾਲ 2017 ਵਿਚ ਕਿਸ਼ੋਰ ਉਮਰ ਵਿਚ ਮਾਂ ਬਣ ਵਾਲੀਆਂ 1000 ਔਰਤਾਂ ਪਿੱਛੇ ਜਨਮ ਦਰ 15 ਹੋ ਗਈ ਹੈ, ਪਰ 2008 ਵਿਚ ਇਹ 1000 ਪਿੱਛੇ 33 ਸੀ। ਪਰਿਵਾਰਕ ਯੋਜਨਾ ਨਿਊਜ਼ੀਲੈਂਡ ਦੇ ਮੁੱਖ ਕਾਰਜਕਾਰੀ ਜੈਕੀ ਐਡਮੰਡ ਨੇ ਆਖਿਆ ਕਿ ਕਿਸ਼ੋਰ ਉਮਰ 'ਚ ਗਰਭ ਅਵਸਥਾਵਾਂ ਵਿੱਚ ਕਮੀ ਇੱਕ ਸਕਾਰਾਤਮਕ ਤਬਦੀਲੀ ਹੈ॥ ਮਿਸ ਐਡਮੰਡਸ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਨੌਜਵਾਨ ਸੁਰੱਖਿਅਤ ਢੰਗ ਨਾਲ ਸੈਕਸ ਸਬੰਧੀ ਸੇਵਾਵਾਂ ਦੇ ਬਾਰੇ ਵਿਚ ਚੰਗੀ ਜਾਣਕਾਰੀ ਅਤੇ ਸੇਵਾਵਾਂ ਤਕ ਪਹੁੰਚ ਕਰ ਰਹੇ ਹਨ। ਜੈਕੀ ਐਡਮੰਡ ਨੇ ਕਿਹਾ ਕਿ ਔਰਤਾਂ ਦੀ ਬਜਾਏ ਗਰਭ ਨਿਰੋਧਕ ਸਲਾਹ ਲਈ ਪਰਿਵਾਰਕ ਯੋਜਨਾਬੰਦੀ ਕਰਨ ਵਾਲੇ ਜੋੜਿਆਂ ਵਿੱਚ ਵਾਧਾ ਹੋਇਆ ਹੈ। ਜੈਕੀ ਐਡਮੰਡ ਨੇ ਕਿਹਾ ਕਿ ਹਾਲਾਂਕਿ, ਮੋਟਾਪੇ ਦਾ ਸ਼ਿਕਾਰ ਮਾਂਵਾਂ ਦੀ ਗਿਣਤੀ ਹਾਲੇ ਵੀ ਇੱਕ ਚਿੰਤਾ ਦਾ ਵਿਸ਼ਾ ਹੈ। "2008 ਤੋਂ 2017 ਤਕ, ਪਹਿਲੀ ਰਜਿਸਟ੍ਰੇਸ਼ਨ ਵਿਚ ਤੰਦਰੁਸਤ ਵਜ਼ਨ ਰੱਖਣ ਵਾਲੀਆਂ ਔਰਤਾਂ ਦਾ ਅਨੁਪਾਤ ਬਹੁਤ ਘਟ ਗਿਆ ਹੈ, ਜਦੋਂ ਕਿ ਭਾਰੀ ਅਤੇ ਮੋਟੀਆਂ ਔਰਤਾਂ ਦੇ ਅਨੁਪਾਤ ਵਿਚ ਕਾਫ਼ੀ ਵਾਧਾ ਹੋਇਆ ਹੈ.

## ਸਿੱਖ ਕੱਟੜਵਾਦ ਨੂੰ ਕੈਨੇਡਾ ਨੇ ਆਪਣੀ ਰਿਪੋਰਟ ਚੋਂ ਹਟਾਇਆ, ਭਾਰਤ ਨਾਖੁਸ਼

ਟੋਰਾਂਟੋ/ਨਵੀਂ ਦਿੱਲੀ – ਕੈਨੇਡਾ ਨੇ ਆਪਣੀ ਤਾਜ਼ਾ ਰਿਪੋਰਟ 'ਚ ਧਾਰਮਿਕ ਕੱਟੜਵਾਦ ਅਤੇ ਖਾਲਿਸਤਾਨ ਨਾਲ ਜੁੜੇ ਸੰਦਰਭਾਂ ਨੂੰ ਹਟਾ ਦਿੱਤਾ ਹੈ। ਇਸ ਨੂੰ ਲੈ ਕੇ ਕੈਨੇਡਾ ਹੀ ਨਹੀਂ, ਭਾਰਤ ਦੀ ਸਿਆਸਤ ਗਰਮਾਉਂਦੀ ਨਜ਼ਰ ਆ ਰਹੀ ਹੈ। ਭਾਰਤ ਸਰਕਾਰ ਕੈਨੇਡੀਅਨ ਸਰਕਾਰ ਵੱਲੋਂ ਚੁੱਕੇ ਇਨਾਂ ਕਦਮਾਂ ਤੋਂ ਨਾਖੁਸ਼ ਹੈ। ਦਰਅਸਲ, ਕੈਨੇਡਾ 'ਚ ਸਿੱਖ ਭਾਈਚਾਰੇ ਦਾ ਖਾਸਾ ਦਬਦਬਾਅ ਹੈ ਅਤੇ ਕੈਨੇਡਾ 'ਚ ਆਉਣ ਵਾਲੀਆਂ ਆਮ ਚੋਣਾਂ 'ਚ ਉਨ੍ਹਾਂ ਦਾ ਵੋਟਾਂ 'ਤੇ ਅਸਰ ਵੀ ਦੇਖਣ ਨੂੰ ਮਿਲਦਾ ਹੈ। ਇਹੀ ਕਾਰਨ ਹੈ ਕਿ ਸੱਤਾਧਾਰੀ ਲਿਬਰਲ ਪਾਰਟੀ ਨੇ ਸਿੱਖ ਭਾਈਚਾਰੇ ਦੇ ਦਬਾਅ 'ਚ ਆਪਣੀ ਪਹਿਲਾਂ ਵਾਲੀ ਰਿਪੋਰਟ 'ਚ ਬਦਲਾਅ ਕਰਦੇ ਹੋਏ ਧਾਰਮਿਕ ਕੱਟੜਵਾਦ ਨਾਲ ਜੁੜੇ 6 ਅਤੇ ਖਾਲਿਸਤਾਨ ਨਾਲ ਜੁੜੇ 2 ਸੰਦਰਭਾਂ ਨੂੰ ਹਟਾ ਲਿਆ ਹੈ। ਅਜਿਹੇ 'ਚ ਇਸ ਨੂੰ ਲੈ ਕੇ ਭਾਰਤ ਖੁਸ਼ ਨਹੀਂ ਹੈ। ਦੱਸ ਦਈਏ ਕਿ ਵਿਦੇਸ਼ 'ਚ ਖਾਲਿਸਤਾਨ ਅਤੇ ਕੱਟੜਵਾਦ ਖਿਲਾਫ ਭਾਰਤ ਸਰਕਾਰ ਨੇ ਨਜ਼ਰਾਂ ਟਿਕਾਈਆਂ ਹੋਈਆਂ ਹਨ। ਪੰਜਾਬ 'ਚ 80 ਦੇ ਦਹਾਕੇ 'ਚ ਖਾਲਿਸਤਾਨ ਅਤੇ ਕੱਟੜਵਾਦ ਦਾ ਰੂਪ ਦੇਖਣ ਨੂੰ ਮਿਲਿਆ ਸੀ।